# ਪੰਜਾਬ ਸਕੂਲ ਸਿੱਖਿਆ ਬੋਰਡ

**ਸਾਲ/ਸੈਸ਼ਨ 2017-18 ਲਈ ਨੌਵੀਂ/ਦਸਵੀਂ ਸ਼੍ਰੇਣੀ ਵਿੱਚ ਵਿਦਿਆਰਥੀਆਂ ਦੇ ਰੈਗੂਲਰ ਦਾਖਲੇ ਸਬੰਧੀ ਯੋਗਤਾਵਾਂ ਅਤੇ ਸ਼ਰਤਾਂ।**

**ਨੌਵੀਂ/ਦਸਵੀਂ ਸ਼੍ਰੇਣੀ ਵਿੱਚ ਵਿਦਿਆਰਥੀਆਂ ਦੇ ਦਾਖਲੇ ਲਈ ਹੇਠ ਲਿਖੀਆਂ ਅਗਵਾਈ ਲੀਹਾਂ ਅਨੁਸਾਰ ਲੋੜੀਂਦੀ ਕਾਰਵਾਈ ਕੀਤੀ ਜਾਵੇ:-**

1. ਸੰਸਥਾ ਦਾ ਬੋਰਡ ਨਾਲ ਐਫੀਲਿਏਟਿਡ/ਐਸੋਸੀਏਟਿਡ ਹੋਣਾ ਜ਼ਰੂਰੀ ਹੈ, ਜਦੋਂ ਵੀ ਸਕੂਲ ਵਲੋਂ ਬੋਰਡ ਨਾਲ ਕੋਈ ਪੱਤਰ ਵਿਹਾਰ ਕਰਨਾ ਹੋਵੇ, ਸਕੂਲ ਵਲੋਂ ਭੇਜੇ ਗਏ ਪੱਤਰ ਵਿੱਚ ਸ਼ਨਾਖਤੀ ਨੰਬਰ/ਸਕੂਲ ਕੋਡ ਲਿਖਿਆ ਹੋਣਾ ਚਾਹੀਦਾ ਹੈ।

2. ਬੋਰਡ ਵੱਲੋਂ ਪ੍ਰਵਾਨਿਤ ਦਾਖ਼ਲਾ ਖਾਰਜ਼ ਰਜਿਸਟਰ ਲਗਾਏ ਜਾਣ।

3. ਨੌਵੀਂ/ਦਸਵੀਂ ਸ਼੍ਰੇਣੀ ਵਿੱਚ ਓਹ ਵਿਦਿਆਰਥੀ ਹੀ ਦਾਖ਼ਲ ਕੀਤੇ ਜਾਣ, ਜਿਨ੍ਹਾਂ ਨੇ ਅੱਠਵੀਂ/ਨੌਵੀਂ ਸ਼੍ਰੇਣੀ ਦੀ ਪ੍ਰੀਖਿਆ ਪੰਜਾਬ ਸਕੂਲ ਸਿੱਖਿਆ ਬੋਰਡ ਨਾਲ ਸਬੰਧਤ ਸਰਕਾਰੀ/ਐਫੀਲਿਏਟਡ/ਏਡਿਡ/ਐਸੋਸੀਏਟਿਡ ਸਕੂਲ ਤੋਂ ਪਾਸ ਕੀਤੀ ਹੋਵੇ।

4. ਨੌਵੀਂ ਸ਼੍ਰੇਣੀ ਵਿੱਚ ਦਾਖ਼ਲੇ ਸਮੇਂ ਵਿਦਿਆਰਥੀ ਦੇ ਵੇਰਵੇ ਦਾਖ਼ਲਾ ਖਾਰਜ਼ ਰਜਿਸਟਰ ਵਿੱਚ ਜਨਮ ਮਿਤੀ ਦੇ ਸਰਟੀਫਿਕੇਟ ਦੇ ਆਧਾਰ ਤੇ ਦੋਵੇਂ ਭਾਸ਼ਾਵਾਂ (ਪੰਜਾਬੀ ਅਤੇ ਅੰਗਰੇਜ਼ੀ) ਵਿੱਚ ਦਰਜ ਕੀਤੇ ਜਾਣ।

5. ਚਾਲੂ ਸੈਸ਼ਨ ਤੋਂ ਤਿੰਨ ਸਾਲ ਪਹਿਲਾਂ ਜਿਨ੍ਹਾਂ ਵਿਦਿਆਰਥੀਆਂ ਨੇ ਨੌਵੀਂ ਸ਼੍ਰੇਣੀ ਰੈਗੂਲਰ ਤੌਰ ਤੇ ਸਰਕਾਰੀ/ਐਫੀਲਿਏਟਡ/ਏਡਿਡ/ਐਸੋਸੀਏਟਿਡ ਸਕੂਲ ਤੋਂ ਪਾਸ ਕੀਤੀ ਹੋਵੇ, ਉਹ ਵਿਦਿਆਰਥੀ ਦਸਵੀਂ ਸ਼੍ਰੇਣੀ ਵਿੱਚ ਰੈਗੂਲਰ ਦਾਖ਼ਲੇ ਦੇ ਯੋਗ ਹੋਣਗੇ।

6. ਨਿਰਧਾਰਿਤ ਸ਼ਰਤਾਂ ਅਨੁਸਾਰ ਦਸਵੀਂ ਸ਼੍ਰੇਣੀ ਵਿੱਚ ਦਾਖ਼ਲੇ ਉਪਰੰਤ ਸਬੰਧਤ ਬੋਰਡ ਵਲੋਂ ਜਿਨ੍ਹਾਂ ਵਿਦਿਆਰਥੀਆਂ ਦਾ ਨਤੀਜਾ ਫੇਲ੍ਹ ਘੋਸ਼ਿਤ ਕੀਤਾ ਜਾਂਦਾ ਹੈ, ਉਹ ਵਿਦਿਆਰਥੀ ਦਸਵੀਂ ਸ਼੍ਰੇਣੀ ਵਿੱਚ ਰੈਗੂਲਰ ਦਾਖ਼ਲੇ ਦੇ ਯੋਗ ਹੋਣਗੇ।

7. **ਜੇ ਕੋਈ ਰੈਗੂਲਰ ਉਮੀਦਵਾਰ ਦਸਵੀਂ ਸ਼੍ਰੇਣੀ ਸਬੰਧੀ ਪ੍ਰੀਖਿਆ ਦੀ ਕੰਪਾਰਟਮੈਂਟ/ਮੁੜ ਪ੍ਰੀਖਿਆ ਅਧੀਨ ਰੱਖਿਆ ਗਿਆ ਹੈ, ਕੰਪਾਰਟਮੈਂਟ/ਮੁੜ ਪ੍ਰੀਖਿਆ ਦਾ ਲਾਭ ਨਹੀਂ ਲੈਣਾ ਚਾਹੁੰਦਾ ਅਤੇ ਮੁੜ ਦਸਵੀਂ ਸ਼੍ਰੇਣੀ ਵਿੱਚ ਦਾਖ਼ਲਾ ਲੈਣਾ ਚਾਹੁੰਦਾ ਹੈ ਤਾਂ ਉਹ ਪ੍ਰੀਖਿਆਰਥੀ ਦਸਵੀਂ ਸ਼੍ਰੇਣੀ ਸਾਲਾਨਾ ਪ੍ਰੀਖਿਆ ਦਾ ਨਤੀਜਾ ਘੋਸ਼ਿਤ ਹੋਣ ਦੇ 30 ਦਿਨਾਂ ਦੇ ਅੰਦਰ-ਅੰਦਰ ਆਪਣਾ ਪੂਰਬਲਾ ਨਤੀਜਾ ਬੋਰਡ ਦੀ ਸਬੰਧਤ ਪ੍ਰੀਖਿਆ ਸ਼ਾਖਾ ਤੋਂ ਰੱਦ ਕਰਵਾਉਣ ਉਪਰੰਤ ਮੁੜ ਦਾਖ਼ਲਾ ਲੈ ਸਕੇਗਾ।**

8. ਪੰਜਾਬ ਸਕੂਲ ਸਿੱਖਿਆ ਬੋਰਡ ਵਲੋਂ ਪ੍ਰਵਾਨਿਤ ਸੀਟਾਂ ਅਨੁਸਾਰ ਹੀ ਵਿਦਿਆਰਥੀਆਂ ਨੂੰ ਦਾਖ਼ਲਾ ਦਿੱਤਾ ਜਾਵੇ।

9. ਦਸਵੀਂ ਸ਼੍ਰੇਣੀ ਦੀ ਪ੍ਰੀਖਿਆ ਲਈ ਦਾਖ਼ਲਾ ਫਾਰਮ ਭੇਜਣ ਤੋਂ ਪਹਿਲਾਂ ਇਹ ਯਕੀਨੀ ਬਣਾਇਆ ਜਾਵੇ ਕਿ ਕੀ ਵਿਦਿਆਰਥੀਆਂ ਦੇ ਰਜਿਸਟਰੇਸ਼ਨ ਨੰਬਰ ਅਲਾਟ ਹੋ ਚੁੱਕੇ ਹਨ।

10. ਬੋਰਡ ਵਲੋਂ ਜਾਰੀ ਦਾਖ਼ਲਾ ਸ਼ਡਿਊਲ ਵਿੱਚ ਦਰਸਾਈਆਂ ਮਿਤੀਆਂ ਖਤਮ ਹੋਣ ਉਪਰੰਤ ਸਕੂਲ ਮੁੱਖੀ ਵਲੋਂ ਕਿਸੇ ਵੀ ਵਿਦਿਆਰਥੀ ਨੂੰ ਆਪਣੇ ਪੱਧਰ ਤੇ ਦਾਖ਼ਲਾ ਨਾ ਦਿੱਤਾ ਜਾਵੇ।

11. ਸੈਸ਼ਨ ਦੌਰਾਨ ਨੌਵੀਂ/ਦਸਵੀਂ ਸ਼੍ਰੇਣੀ ਵਿੱਚ ਜੇ ਕੋਈ ਵਿਦਿਆਰਥੀ ਦਾਖ਼ਲਾ ਸ਼ਡਿਊਲ ਵਿੱਚ ਦਰਸਾਈਆਂ ਮਿਤੀਆਂ ਪਿੱਛੋਂ ਸਕੂਲ ਬਦਲਦਾ ਹੈ ਤਾਂ ਉਸ ਲਈ ਇਹ ਜ਼ਰੂਰੀ ਹੋਵੇਗਾ ਕਿ ਉਹ ਇਸ ਸਬੰਧੀ ਪੰਜਾਬ ਸਕੂਲ ਸਿੱਖਿਆ ਬੋਰਡ ਤੋਂ ਸਕੂਲ ਮਾਈਗਰੇਸ਼ਨ ਸਰਟੀਫਿਕੇਟ ਪ੍ਰਾਪਤ ਕਰੇ। ਮਾਈਗਰੇਸ਼ਨ ਠੋਸ ਕਾਰਨਾਂ ਦੇ ਆਧਾਰ ਤੇ ਹੀ ਕੀਤੀ ਜਾਵੇਗੀ।

12. (ੳ) **ਸਕੂਲ ਤੋਂ ਸਕੂਲ ਮਾਈਗਰੇਸ਼ਨ : -**
ਨੌਵੀਂ ਸ਼੍ਰੇਣੀ ਦੀ ਸਕੂਲ ਤੋਂ ਸਕੂਲ ਮਾਈਗਰੇਸ਼ਨ 31 ਦਸੰਬਰ ਤੱਕ 1000/- ਰੁਪਏ ਫੀਸ ਨਾਲ ਕੀਤੀ ਜਾਵੇਗੀ। ਇਸ ਤੋਂ ਬਾਅਦ 1500/- ਰੁਪਏ ਫੀਸ ਨਾਲ ਵਿਰਲੇ ਕੇਸਾਂ ਵਿੱਚ ਜਿਵੇਂ ਮਾਤਾ/ਪਿਤਾ/ਗਾਰਡੀਅਨ ਦੀ ਬਦਲੀ/ਅਚਾਨਕ ਮੌਤ ਹੋਣ ਦੀ ਸੂਰਤ ਵਿੱਚ ਮਾਈਗਰੇਸ਼ਨ ਮਾਨਯੋਗ ਚੇਅਰਪਰਸਨ/ਚੇਅਰਮੈਨ ਜੀ ਵੱਲੋਂ ਆਗਿਆ ਦੇਣ ਉਪਰੰਤ ਹੀ ਕੀਤੀ ਜਾਵੇਗੀ। ਦਸਵੀਂ ਸ਼੍ਰੇਣੀ ਦੀ ਸਕੂਲ ਤੋਂ ਸਕੂਲ ਮਾਈਗਰੇਸ਼ਨ ਪੰਜਾਬ ਸਕੂਲ ਸਿੱਖਿਆ ਬੋਰਡ ਦੇ ਦਫਤਰ ਵਿੱਚ ਪ੍ਰੀਖਿਆ ਫਾਰਮ ਪਹੁੰਚਣ ਦੀ ਅੰਤਿਮ ਮਿਤੀ ਤੱਕ 1000/- ਰੁਪਏ ਫੀਸ ਨਾਲ ਕੀਤੀ ਜਾਵੇਗੀ। ਇਸ ਤੋਂ ਬਾਅਦ

1500/-ਰੁਪਏ ਨਾਲ ਵਿਰਲੇ ਕੇਸਾਂ ਵਿੱਚ ਜਿਵੇਂ ਮਾਤਾ/ਪਿਤਾ/ਗਾਰਡੀਅਨ ਦੀ ਬਦਲੀ/ਅਚਾਨਕ ਮੌਤ ਹੋਣ ਦੀ ਸੂਰਤ ਵਿੱਚ ਮਾਈਗਰੇਸ਼ਨ ਮਾਨਯੋਗ ਚੇਅਰਪਰਸਨ/ਚੇਅਰਮੈਨ ਜੀ ਵੱਲੋਂ ਆਗਿਆ ਦੇਣ ਉਪਰੰਤ ਹੀ ਕੀਤੀ ਜਾਵੇਗੀ। ਇਹ ਮਾਈਗਰੇਸ਼ਨ ਪੰਜਾਬ ਸਕੂਲ ਸਿੱਖਿਆ ਬੋਰਡ ਦੀਆਂ ਸਲਾਨਾ ਪ੍ਰੀਖਿਆਵਾਂ ਸ਼ੁਰੂ ਹੋਣ ਤੋਂ 45 ਦਿਨ ਪਹਿਲਾਂ ਤੱਕ ਕੀਤੀ ਜਾਵੇਗੀ। ਅਜਿਹਾ ਕਰਨ ਲਈ ਵਿਦਿਆਰਥੀ ਸਕੂਲ ਤੋਂ ਸਕੂਲ ਮਾਈਗਰੇਸ਼ਨ ਫਾਰਮ ਦੋਵੇਂ ਸਕੂਲ ਮੁੱਖੀਆਂ ਤੋਂ ਤਸਦੀਕ ਕਰਵਾਉਣਗੇ। ਦੋਵੇਂ ਸਕੂਲ ਮੁੱਖੀ ਇਸ ਗੱਲ ਦਾ ਖਾਸ ਧਿਆਨ ਰੱਖਣ ਕਿ ਜਦ ਤੱਕ ਵਿਦਿਆਰਥੀ ਨੂੰ ਪੰਜਾਬ ਬੋਰਡ ਵਲੋਂ ਮਾਈਗਰੇਸ਼ਨ ਸਰਟੀਫਿਕੇਟ ਜਾਰੀ ਨਹੀਂ ਕੀਤਾ ਜਾਂਦਾ, ਤਦ ਤੱਕ ਟਰਾਂਸਫਰ ਸਰਟੀਫਿਕੇਟ ਨਾ ਜਾਰੀ ਕੀਤਾ ਜਾਵੇ ਅਤੇ ਨਾ ਹੀ ਬਦਲੇ ਹੋਏ ਸਕੂਲ ਵਿੱਚ ਦਾਖਲ ਕੀਤਾ ਜਾਵੇ।

(ਅ) **ਇੰਟਰਬੋਰਡ ਮਾਈਗਰੇਸ਼ਨ** :-

ਬੋਰਡ ਵੱਲੋਂ ਜ਼ਾਰੀ ਦਾਖਲਾ ਸ਼ਡਿਊਲ ਦੀਆਂ ਮਿਤੀਆਂ ਖਤਮ ਹੋਣ ਉਪਰੰਤ ਦੂਜੇ ਰਾਜ/ਬੋਰਡ ਤੋਂ ਪੜ੍ਹਦੇ ਆ ਰਹੇ ਵਿਦਿਆਰਥੀ ਕਿਸੇ ਵੀ ਸੂਰਤ ਵਿੱਚ ਬੋਰਡ ਤੋਂ ਲੇਟ ਦਾਖਲਾ/ਇੰਟਰਬੋਰਡ ਮਾਈਗਰੇਸ਼ਨ ਫਾਰਮ ਤੇ ਰਜਿਸਟਰੇਸ਼ਨ ਸ਼ਾਖਾ ਵੱਲੋਂ ਪੂਰਵ ਪ੍ਰਵਾਨਗੀ ਲਏ ਬਿਨਾਂ ਦਾਖਲ ਨਾ ਕੀਤੇ ਜਾਣ। ਨੌਵੀਂ ਸ਼੍ਰੇਣੀ ਦੀ ਇੰਟਰਬੋਰਡ ਮਾਈਗਰੇਸ਼ਨ 31 ਦਸੰਬਰ ਤੱਕ 1000/- ਰੁਪਏ ਪ੍ਰਤੀ ਵਿਦਿਆਰਥੀ ਫੀਸ ਹੋਵੇਗੀ। ਇਸ ਤੋਂ ਬਾਅਦ ਵਿਰਲੇ ਕੇਸਾਂ ਵਿੱਚ ਚੇਅਰਪਰਸਨ/ਚੇਅਰਮੈਨ ਜੀ ਵੱਲੋਂ ਆਗਿਆ ਮਿਲਣ ਉਪਰੰਤ ਹੀ ਕੀਤੀ ਜਾਵੇਗੀ। (ਫੀਸ 1500/-ਰੁਪਏ ਪ੍ਰਤੀ ਵਿਦਿਆਰਥੀ)। ਦਸਵੀਂ ਸ਼੍ਰੇਣੀ ਦੀ ਇੰਟਰਬੋਰਡ ਮਾਈਗਰੇਸ਼ਨ ਪੰਜਾਬ ਸਕੂਲ ਸਿੱਖਿਆ ਬੋਰਡ ਦਫ਼ਤਰ ਵਿੱਚ ਪ੍ਰੀਖਿਆ ਫਾਰਮ ਪਹੁੰਚਣ ਦੀ ਅੰਤਿਮ ਮਿਤੀ ਤੱਕ 1000/-ਰੁਪਏ ਫੀਸ ਨਾਲ ਕੀਤੀ ਜਾਵੇਗੀ। ਇਸ ਤੋਂ ਬਾਅਦ ਵਿਰਲੇ ਕੇਸਾਂ ਵਿੱਚ ਚੇਅਰਪਰਸਨ/ਚੇਅਰਮੈਨ ਜੀ ਵਲੋਂ ਆਗਿਆ ਮਿਲਣ ਉਪਰੰਤ ਹੀ ਕੀਤੀ ਜਾਵੇਗੀ। (ਫੀਸ 1500/- ਰੁਪਏ ਪ੍ਰਤੀ ਵਿਦਿਆਰਥੀ)। ਮਾਈਗਰੇਸ਼ਨ ਹੋਣ ਉਪਰੰਤ ਵਿਦਿਆਰਥੀ ਨੂੰ 15 ਦਿਨ ਦੇ ਅੰਦਰ-ਅੰਦਰ ਸਕੂਲ ਵਿੱਚ ਦਾਖਲਾ ਲੈ ਲਿਆ ਜਾਵੇ। ਦਾਖਲਾ ਨਾ ਲੈਣ ਦੀ ਸੂਰਤ ਵਿੱਚ ਪ੍ਰਵਾਨਗੀ ਰੱਦ ਹੋਈ ਸਮਝੀ ਜਾਵੇਗੀ। ਰੱਦ ਹੋਈ ਪ੍ਰਵਾਨਗੀ ਵਾਲੇ ਵਿਦਿਆਰਥੀ ਨੂੰ ਵਿਸ਼ੇਸ਼ ਹਾਲਾਤਾਂ ਵਿੱਚ ਦੁਬਾਰਾ ਪ੍ਰਵਾਨਗੀ ਮੁੜ ਫੀਸ ਜਮ੍ਹਾਂ ਕਰਵਾਉਣ ਤੇ ਹੀ ਦਿੱਤੀ ਜਾਵੇਗੀ। ਇਹ ਮਾਈਗਰੇਸ਼ਨ ਪੰਜਾਬ ਸਕੂਲ ਸਿੱਖਿਆ ਬੋਰਡ ਦੀਆਂ ਸਾਲਾਨਾ ਪ੍ਰੀਖਿਆਵਾਂ ਸ਼ੁਰੂ ਹੋਣ ਤੋਂ 45 ਦਿਨ ਪਹਿਲਾਂ ਤੱਕ ਕੀਤੀ ਜਾਵੇਗੀ।

13. ਯੋਗਤਾ ਸਬੰਧੀ ਜ਼ਿੰਮੇਵਾਰੀ ਨਿਰੋਲ ਸਕੂਲ ਮੁੱਖੀ ਦੀ ਹੈ। ਇਸ ਲਈ ਦਾਖਲੇ ਸਬੰਧੀ ਯੋਗਤਾਵਾਂ ਅਤੇ ਸ਼ਰਤਾਂ ਨੂੰ ਮੁੱਖ ਰੱਖ ਕੇ ਹੀ ਵਿਦਿਆਰਥੀਆਂ ਦੇ ਦਾਖਲੇ ਪ੍ਰਵਾਨ ਕੀਤੇ ਜਾਣ। ਇਸ ਮਕਸਦ ਲਈ ਇੱਕ ਦਾਖਲਾ ਪੜਤਾਲ ਕਮੇਟੀ ਬਣਾਈ ਜਾਵੇ, ਜੋ ਪੂਰਵ ਘੋਖ ਕਰਕੇ ਯੋਗਤਾ ਚੈੱਕ ਕਰੇ ਤਾਂ ਜੋ ਕੋਈ ਅਯੋਗ ਵਿਦਿਆਰਥੀ ਦਾਖਲ ਨਾ ਹੋ ਸਕੇ।

14. **ਹੋਰ ਰਾਜ/ਬੋਰਡ ਤੋਂ ਮਾਈਗਰੇਟ ਹੋ ਕੇ ਆਏ ਵਿਦਿਆਰਥੀਆਂ ਦੇ ਦਾਖਲੇ ਸੰਬੰਧੀ ਹੇਠਾਂ ਦਰਸਾਏ ਦਸਤਾਵੇਜ਼ ਪੇਸ਼ ਕਰਨ ਤੇ ਹੀ ਵਿਦਿਆਰਥੀ ਸਬੰਧਤ ਸ਼੍ਰੇਣੀ ਵਿੱਚ ਦਾਖਲ ਹੋ ਸਕਦੇ ਹਨः -**

(ੳ) ਜਿਸ ਸ਼੍ਰੇਣੀ ਵਿੱਚ ਦਾਖਲ ਹੋਣਾ ਹੈ, ਉਸ ਤੋਂ ਪਹਿਲਾਂ ਸ਼੍ਰੇਣੀ ਪਾਸ ਕਰਨ ਦਾ ਸਰਟੀਫਿਕੇਟ/ਨਤੀਜਾ ਕਾਰਡ (ਡੀ.ਐਮ. ਸੀ) ਦੀ ਫੋਟੋ ਕਾਪੀ ਸਬੰਧਤ ਸਕੂਲ ਮੁੱਖੀ ਤੋਂ ਤਸਦੀਕ ਕਰਵਾਕੇ ਭੇਜੀ ਜਾਵੇ।

(ਅ) ਵਿੱਦਿਅਕ ਸੈਸ਼ਨ ਦੌਰਾਨ ਜਾਂ ਹੇਠਲੀ ਪਰੀਖਿਆ ਪਾਸ ਕਰਨ ਉਪਰੰਤ ਸਕੂਲ ਛੱਡਣ ਦਾ ਸਰਟੀਫਿਕੇਟ ਸਬੰਧਤ ਬੋਰਡ ਦੇ ਸਮਰੱਥ ਅਧਿਕਾਰੀ ਜਾਂ ਜਿਲ੍ਹਾ ਸਿੱਖਿਆ ਅਫਸਰ ਦੁਆਰਾ ਪ੍ਰਤੀ ਹਸਤਾਖਰ ਕੀਤਾ ਹੋਣਾ ਚਾਹੀਦਾ ਹੈ।

- ਮਾਰਚ-2017 ਦੀਆਂ ਸਾਲਾਨਾ ਪ੍ਰੀਖਿਆਵਾਂ ਤੋਂ ਬਾਅਦ ਵਿੱਚ ਹੋਣ ਵਾਲੀਆਂ ਸਮੂਹ ਪ੍ਰੀਖਿਆਵਾਂ ਲਈ ਕੇਵਲ ਵਾਧੂ ਵਿਸ਼ੇ ਦੀ ਪ੍ਰੀਖਿਆ ਦੇਣ ਵਾਲੇ ਵਿਦਿਆਰਥੀਆਂ ਨੂੰ ਹੀ ਅਕਾਦਮਿਕ ਸ਼ਾਖਾ ਵੱਲੋਂ ਇਕੱਲੇ-ਇਕੱਲੇ ਡੀਲ ਕਰਕੇ ਸਮਾਨਤਾ ਪੱਤਰ ਜਾਰੀ ਕੀਤੇ ਜਾਇਆ ਕਰਨਗੇ।

- ਰੈਗੂਲਰ ਵਿਦਿਆਰਥੀਆਂ ਨੂੰ ਇਕੱਲੇ ਰੂਪ ਵਿੱਚ ਡੀਲ ਨਹੀਂ ਕੀਤਾ ਜਾਵੇਗਾ। ਸਕੂਲ ਮੁਖੀਆਂ ਵੱਲੋਂ ਬਾਹਰਲੇ ਰਾਜਾਂ ਦੇ ਬੋਰਡਾਂ ਤੋਂ ਆਏ ਵਿਦਿਆਰਥੀਆਂ ਨੂੰ ਬਿਨਾਂ ਸਮਾਨਤਾ ਪੱਤਰ ਪੇਸ਼ ਕਰਨ ਤੋਂ ਕੇਵਲ ਲੋੜੀਂਦੇ ਦਸਤਾਵੇਜ਼ (ਬੋਰਡ ਜਮਾਤ ਲਈ ਪਾਸ ਸਰਟੀਫਿਕੇਟ/ਮਾਈਗਰੇਸ਼ਨ ਸਰਟੀਫਿਕੇਟ ਅਤੇ ਸਕੂਲੀ ਜਮਾਤਾਂ ਲਈ ਡੀ. ਐੱਮ. ਸੀ./ਟਰਾਂਸਫਰ ਸਰਟੀਫਿਕੇਟ ਜੋ ਕਿ ਜਿਲ੍ਹਾ ਸਿੱਖਿਆ ਅਧਿਕਾਰੀ/ਸਬੰਧਤ ਬੋਰਡ ਵਲੋਂ ਕਾਉਂਟਰਸਾਈਨ ਕੀਤਾ ਹੋਵੇ) ਪ੍ਰਾਪਤ ਕਰਨ ਉਪਰੰਤ ਆਰਜ਼ੀ ਦਾਖ਼ਲਾ ਦੇ ਦਿੱਤਾ ਜਾਵੇਗਾ। ਦਾਖ਼ਲਾ ਕੇਵਲ ਉਨ੍ਹਾਂ ਬੋਰਡਾਂ ਦੇ ਵਿਦਿਆਰਥੀਆਂ ਨੂੰ ਦਿੱਤਾ ਜਾਵੇਗਾ ਜਿਨ੍ਹਾਂ ਦਾ ਨਾਂ ਬੋਰਡ ਦੀ ਵੈਬਸਾਈਟ ਤੇ ਉਪਲੱਬਧ ਸਮਾਨਤਾ ਸੂਚੀ ਵਿੱਚ ਦਰਜ ਹੈ। ਸਕੂਲ ਮੁਖੀ ਦਾਖ਼ਲੇ ਦੀ ਅੰਤਿਮ ਮਿਤੀ ਤੋਂ ਬਾਅਦ 20 ਦਿਨਾਂ ਦੇ ਅੰਦਰ-ਅੰਦਰ ਅਜਿਹੇ ਸਾਰੇ ਵਿਦਿਆਰਥੀ,

ਜਿਨ੍ਹਾਂ ਨੂੰ ਸਮਾਨਤਾ ਪੱਤਰ ਲੋੜੀਂਦੇ ਹੋਣਗੇ, ਦਾ ਇੱਕ ਹੀ ਕੇਸ ਬਣਾ ਕੇ ਅਤੇ ਸਾਰੇ ਵਿਦਿਆਰਥੀਆਂ ਦੀ ਸਮਾਨਤਾ ਦੀ ਬਣਦੀ ਫ਼ੀਸ ਇੱਕ ਹੀ ਰਸੀਦ ਰਾਹੀਂ ਜਮ੍ਹਾਂ ਕਰਵਾ ਕੇ ਲੋੜੀਂਦੀ ਤਸਦੀਕਸ਼ੁਦਾ ਦਸਤਾਵੇਜ਼ ਨੱਥੀ ਕਰਨ ਉਪਰੰਤ ਅਕਾਦਮਿਕ ਸ਼ਾਖਾ ਵਿੱਚ ਪੇਸ਼ ਕਰਨਗੇ। ਦਫ਼ਤਰ ਵਲੋਂ ਲੋੜੀਂਦੀ ਕਾਰਵਾਈ ਕਰਨ ਉਪਰੰਤ ਸਬੰਧਤ ਸਕੂਲ ਨੂੰ ਅਜਿਹੇ ਸਾਰੇ ਵਿਦਿਆਰਥੀਆਂ ਲਈ ਇੱਕ ਹੀ ਸਮਾਨਤਾ ਪੱਤਰ ਜਾਰੀ ਕੀਤਾ ਜਾਵੇਗਾ। ਸਮਾਨਤਾ ਪੱਤਰ ਜਾਰੀ ਹੋਣ ਉਪਰੰਤ ਹੀ ਅਜਿਹੇ ਵਿਦਿਆਰਥੀਆਂ ਦਾ ਦਾਖ਼ਲਾ ਰੈਗੂਲਰ ਮੰਨਿਆ ਜਾਵੇਗਾ।

- ਜਿਨ੍ਹਾਂ ਵਿਦਿਆਰਥੀਆਂ ਨੂੰ ਸਮਾਨਤਾ ਪੱਤਰ ਜਾਰੀ ਨਹੀਂ ਹੋਵੇਗਾ ਉਨ੍ਹਾਂ ਦਾ ਦਾਖ਼ਲਾ ਰੱਦ ਸਮਝਿਆ ਜਾਵੇ।

ਨੋਟ : **ਸਾਲ/ਸੈਸ਼ਨ 2017-18 ਦੀ ਰਜਿਸਟਰੇਸ਼ਨ/ਕੰਟੀਨਿਊਏਸ਼ਨ ਦੀ ਆਨ ਲਾਈਨ ਐਂਟਰੀ ਮਈ ਮਹੀਨੇ ਤੋਂ ਸ਼ੁਰੂ ਕੀਤੀ ਜਾ ਸਕਦੀ ਹੈ। ਦਾਖਲੇ ਸਬੰਧੀ ਯੋਗਤਾਵਾਂ ਅਤੇ ਸ਼ਰਤਾਂ ਸਬੰਧੀ ਪੱਤਰ ਬੋਰਡ ਦੀ ਵੈੱਬ ਸਾਈਟ www.pseb.ac.in/registrationsection/academic section ਅਤੇ school login ਤੇ ਉਪਲੱਬਧ ਹਨ।**

ਡਾਇਰੈਕਟਰ (ਅਕਾਦਮਿਕ)
ਵਾਸਤੇ ਸਕੱਤਰ, ਪੰਜਾਬ ਸਕੂਲ ਸਿੱਖਿਆ ਬੋਰਡ

# ਪੰਜਾਬ ਸਕੂਲ ਸਿੱਖਿਆ ਬੋਰਡ

**ਸਾਲ/ਸੈਸ਼ਨ 2017-18 ਲਈ ਗਿਆਰ੍ਹਵੀਂ/ਬਾਰ੍ਹਵੀਂ ਸ਼੍ਰੇਣੀ ਵਿੱਚ ਵਿਦਿਆਰਥੀਆਂ ਦੇ ਰੈਗੂਲਰ ਦਾਖਲੇ ਸਬੰਧੀ ਯੋਗਤਾਵਾਂ ਅਤੇ ਸ਼ਰਤਾਂ।**

**ਗਿਆਰ੍ਹਵੀਂ/ਬਾਰ੍ਹਵੀਂ ਸ਼੍ਰੇਣੀ ਵਿੱਚ ਵਿਦਿਆਰਥੀਆਂ ਦੇ ਦਾਖਲੇ ਲਈ ਹੇਠ ਲਿਖੀਆਂ ਅਗਵਾਈ ਲੀਹਾਂ ਅਨੁਸਾਰ ਲੋੜੀਂਦੀ ਕਾਰਵਾਈ ਕੀਤੀ ਜਾਵੇ:-**

**ਭਾਗ-ੳ**

**ਗਿਆਰ੍ਹਵੀਂ ਸ਼੍ਰੇਣੀ ਵਿੱਚ ਦਾਖਲੇ ਲਈ ਯੋਗਤਾਵਾਂ ਅਤੇ ਸ਼ਰਤਾਂ :-**

ਨੋਟ : - ਦਾਖਲੇ ਸਬੰਧੀ ਦਸਵੀਂ ਦਾ ਨਤੀਜਾ ਆਉਣ ਦੀ ਉਡੀਕ ਨਾ ਕੀਤੀ ਜਾਵੇ ਅਤੇ ਦਾਖਲਾ ਸ਼ਡਿਊਲ ਅਨੁਸਾਰ ਆਰਜ਼ੀ ਤੌਰ ਤੇ ਦਾਖਲੇ ਕੀਤੇ ਜਾਣ।

**ਹੇਠ ਦਰਸਾਏ ਵਿਦਿਆਰਥੀ ਗਿਆਰ੍ਹਵੀਂ ਸ਼੍ਰੇਣੀ ਵਿੱਚ ਦਾਖਲ ਹੋਣ ਦੇ ਯੋਗ ਹਨ : -**

1. ਜਿਸ ਵਿਦਿਆਰਥੀ ਦੇ ਪੰਜਾਬ ਸਕੂਲ ਸਿੱਖਿਆ ਬੋਰਡ ਦੀ ਦਸਵੀਂ ਪਰੀਖਿਆ ਪਾਸ ਕੀਤੀ ਹੋਵੇ ਜਾਂ ਕਿਸੇ ਦੂਸਰੇ ਬੋਰਡ ਤੋਂ ਇਸ ਦੇ ਬਰਾਬਰ ਦੀ ਪਰੀਖਿਆ ਪਾਸ ਕੀਤੀ ਹੋਵੇ, ਜਿਸ ਦੀ ਸਮਾਨਤਾ ਬੋਰਡ ਪ੍ਰਵਾਨ ਕਰਦਾ ਹੋਵੇ।

2. ਜਿਨ੍ਹਾਂ ਵਿਦਿਆਰਥੀਆਂ ਦੀ ਪੰਜਾਬ ਸਕੂਲ ਸਿੱਖਿਆ ਬੋਰਡ ਵੱਲੋਂ ਲਈ ਗਈ ਦਸਵੀਂ ਦੀ ਪਰੀਖਿਆ ਵਿੱਚ ਕੰਪਾਰਟਮੈਂਟ/ਰੀ ਅਪੀਅਰ ਆਈ ਹੋਵੇ।

3. ਗਿਆਰ੍ਹਵੀਂ/ਬਾਰ੍ਹਵੀਂ ਵਿੱਚ ਦਾਖਲ ਕਰਦੇ ਸਮੇਂ ਵਿਦਿਆਰਥੀ ਦੇ ਵੇਰਵੇ ਦਾਖਲਾ ਖਾਰਜ ਰਜਿਸਟਰ ਵਿੱਚ, ਦਸਵੀਂ ਪਾਸ ਦੇ ਸਰਟੀਫਿਕੇਟ ਦੇ ਅਧਾਰ ਤੇ ਦੋਨੋਂ ਭਾਸ਼ਾਵਾਂ (ਪੰਜਾਬੀ, ਅੰਗਰੇਜੀ) ਵਿੱਚ ਦਰਜ ਕੀਤੇ ਜਾਣ।

4. ਕੋਈ ਉਮੀਦਵਾਰ, ਜਿਸ ਦਾ ਮੈਟ੍ਰਿਕੁਲੇਸ਼ਨ ਨਤੀਜਾ ਬੋਰਡ ਵਲੋਂ ਲੇਟ ਐਲਾਨ ਕੀਤਾ ਗਿਆ, ਉਹ ਆਪਣੇ ਨਤੀਜੇ ਦਾ ਐਲਾਨ ਕੀਤੇ ਜਾਣ ਪਿੱਛੋਂ 15 ਦਿਨਾਂ ਦੇ ਅੰਦਰ, ਲੇਟ ਫ਼ੀਸ ਤੋਂ ਬਿਨਾਂ ਦਾਖਲਾ ਲੈ ਸਕੇਗਾ ਅਤੇ ਉਸ ਉਮੀਦਵਾਰ ਦੀਆਂ ਹਾਜ਼ਰੀਆਂ ਉਸ ਦੇ ਸੰਸਥਾ ਵਿੱਚ ਦਾਖਲ ਹੋਣ ਦੀ ਤਰੀਕ ਤੋਂ ਗਿਣੀਆਂ ਜਾਣਗੀਆਂ।

5. ਕਿਸੇ ਵੀ ਬੋਰਡ/ਸਮੂਹ ਨੈਸ਼ਨਨ ਓਪਨ ਸਕੂਲ, ਜਿਸ ਦੀ ਦਸਵੀਂ ਪਰੀਖਿਆ ਪੰਜਾਬ ਸਕੂਲ ਸਿੱਖਿਆ ਬੋਰਡ ਦੀ ਦਸਵੀਂ ਪਰੀਖਿਆ ਦੇ ਬਰਾਬਰ ਮੰਨੀ ਜਾਂਦੀ ਹੋਵੇ, ਦੇ ਕੰਪਾਰਟਮੈਟ/ਰੀ-ਅਪੀਅਰ ਵਿਦਿਆਰਥੀ ਰਾਜ ਦੇ ਸਰਕਾਰੀ/ਏਡਿਡ/ ਐਸੋਸੀਏਟਿਡ/ਐਫਿਲੀਏਟਿਡ ਸਕੂਲਾਂ ਵਿੱਚ ਗਿਆਰ੍ਹਵੀਂ ਸ਼੍ਰੇਣੀ ਵਿੱਚ ਰੈਗੂਲਰ ਵਿਦਿਆਰਥੀ ਵਜੋਂ ਦਾਖਲੇ ਲਈ ਯੋਗ ਹਨ, ਬਸ਼ਰਤੇ ਕਿ ਉਹ ਪੰਜਾਬ ਸਕੂਲ ਸਿੱਖਿਆ ਬੋਰਡ ਦੇ ਵਰਤਮਾਨ ਵਿਨਿਯਮਾਂ ਵਿੱਚ ਦਰਜ ਉਪਬੰਧ ਵਾਂਗ ਮੈਟ੍ਰਿਕ ਪਰੀਖਿਆ ਪਹਿਲੇ ਦੋ ਮੌਕਿਆਂ ਵਿੱਚ ਪਾਸ ਕਰ ਲੈਂਦੇ ਹਨ।

6. **ਗਰੁੱਪ ਬਦਲਣ ਸਬੰਧੀ ਨਿਯਮ :-**
ਸੰਸਥਾ ਦਾ ਮੁੱਖੀ ਦਾਖ਼ਲੇ ਦੀ ਤਰੀਕ ਤੋਂ ਪਿੱਛੋਂ ਇੱਕ ਮਹੀਨੇ ਦੇ ਅੰਦਰ ਵਿਸ਼ੇ/ਗਰੁੱਪ ਵਿੱਚ ਬਦਲੀ ਦੀ ਇਜਾਜ਼ਤ ਦੇ ਸਕੇਗਾ।

**ਭਾਗ-ਅ**

**ਬਾਰ੍ਹਵੀਂ ਸ਼੍ਰੇਣੀ ਵਿੱਚ ਦਾਖਲੇ ਲਈ ਯੋਗਤਾਵਾਂ ਅਤੇ ਸ਼ਰਤਾਂ**

**ਹੇਠ ਦਰਸਾਏ ਵਿਦਿਆਰਥੀ ਬਾਰ੍ਹਵੀਂ ਸ਼੍ਰੇਣੀ ਵਿੱਚ ਦਾਖਲ ਹੋਣ ਦੇ ਯੋਗ ਹਨ:-**

1. ਜਿਸ ਵਿਦਿਆਰਥੀ ਦੇ ਪੰਜਾਬ ਸਕੂਲ ਸਿੱਖਿਆ ਬੋਰਡ ਨਾਲ ਐਫੀਲੀਏਟਿਡ/ ਸਰਕਾਰੀ/ਏਡਿਡ/ਐਸੋਸੀਏਟਿਡ ਸਕੂਲ ਤੋਂ ਗਿਆਰ੍ਹਵੀਂ ਸ਼੍ਰੇਣੀ ਜਾਂ ਇਸ ਦੇ ਬਰਾਬਰ ਦੀ ਪਰੀਖਿਆ ਪਾਸ ਕੀਤੀ ਹੋਵੇ।

2. ਜੋ ਵਿਦਿਆਰਥੀ ਬਾਰ੍ਹਵੀਂ ਸ਼੍ਰੇਣੀ ਵਿੱਚੋਂ ਫੇਲ੍ਹ ਹੋਣ, ਉਹ ਬਾਰ੍ਹਵੀਂ ਸ਼੍ਰੇਣੀ ਵਿੱਚ ਰੈਗੂਲਰ ਤੌਰ ਤੇ ਦਾਖਲਾ ਲੈ ਸਕਦੇ ਹਨ।

3. **ਜੇ ਕੋਈ ਰੈਗੂਲਰ ਉਮੀਦਵਾਰ ਬਾਰ੍ਹਵੀਂ ਸ਼੍ਰੇਣੀ ਸਬੰਧੀ ਪ੍ਰੀਖਿਆ ਦੀ ਕੰਪਾਰਟਮੈਂਟ/ਮੁੜ ਪ੍ਰੀਖਿਆ ਅਧੀਨ ਰੱਖਿਆ ਗਿਆ ਹੈ, ਕੰਪਾਰਟਮੈਂਟ/ਮੁੜ ਪ੍ਰੀਖਿਆ ਦਾ ਲਾਭ ਨਹੀਂ ਲੈਣਾ ਚਾਹੁੰਦਾ ਅਤੇ ਮੁੜ ਬਾਰ੍ਹਵੀਂ ਸ਼੍ਰੇਣੀ ਵਿੱਚ ਦਾਖ਼ਲਾ ਲੈਣਾ ਚਾਹੁੰਦਾ ਹੈ ਤਾਂ ਉਹ ਪ੍ਰੀਖਿਆਰਥੀ ਬਾਰ੍ਹਵੀਂ ਸ਼੍ਰੇਣੀ ਸਾਲਾਨਾ ਪ੍ਰੀਖਿਆ ਦਾ ਨਤੀਜਾ ਘੋਸ਼ਿਤ ਹੋਣ ਦੇ 30 ਦਿਨਾਂ ਦੇ ਅੰਦਰ-ਅੰਦਰ ਆਪਣਾ ਪੂਰਬਲਾ ਨਤੀਜਾ ਬੋਰਡ ਦੀ ਸਬੰਧਤ ਪ੍ਰੀਖਿਆ ਸ਼ਾਖਾ ਤੋਂ ਰੱਦ ਕਰਵਾਉਣ ਉਪਰੰਤ ਮੁੜ ਦਾਖ਼ਲਾ ਲੈ ਸਕੇਗਾ।**

4. ਸਕੂਲ ਮੁੱਖੀ ਇਹ ਯਕੀਨੀ ਬਣਾਉਣ ਕਿ ਬਾਰ੍ਹਵੀਂ ਸ਼੍ਰੇਣੀ ਦੀ ਪਰੀਖਿਆ ਲਈ ਦਾਖਲਾ ਫਾਰਮ ਭੇਜਣ ਸਮੇਂ ਹਰ ਵਿਦਿਆਰਥੀ ਨੂੰ ਦਫਤਰ ਵਲੋਂ ਰਜਿਸਟਰੇਸ਼ਨ ਨੰਬਰ ਜਾਰੀ ਹੋ ਚੁੱਕਾ ਹੋਵੇ। ਸਮੇਂ ਸਿਰ ਰਜਿਸਟਰੇਸ਼ਨ ਨੰਬਰ ਅਲਾਟ ਨਾ ਹੋਣ ਕਾਰਨ ਰੋਲ ਨੰਬਰ ਜਾਰੀ ਨਾ ਹੋਣ ਦੀ ਜਿੰਮੇਵਾਰੀ ਸਕੂਲ ਮੁੱਖੀ ਦੀ ਹੋਵੇਗੀ।

5. ਬੋਰਡ ਵੱਲੋਂ ਜਾਰੀ ਦਾਖਲਾ ਸ਼ਡਿਊਲ ਦੀਆਂ ਮਿਤੀਆਂ ਖਤਮ ਹੋਣ ਤੋਂ ਬਾਅਦ ਸਕੂਲ ਮੁੱਖੀਆਂ ਵੱਲੋਂ ਆਪਣੇ ਪੱਧਰ ਤੇ ਕਿਸੇ ਵਿਦਿਆਰਥੀ ਨੂੰ ਦਾਖਲਾ ਨਾ ਦਿੱਤਾ ਜਾਵੇ।

6. ਬੋਰਡ ਵੱਲੋਂ ਮਿਲੀ ਪ੍ਰਵਾਨਗੀ ਅਨੁਸਾਰ ਹੀ ਹਰੇਕ ਗਰੁੱਪ ਵਿੱਚ ਵਿਦਿਆਰਥੀ ਦਾਖਲ ਕੀਤੇ ਜਾਣ।

7. ਚਾਲੂ ਸ਼ੈਸ਼ਨ ਤੋਂ ਤਿੰਨ ਸਾਲ ਪਹਿਲਾਂ ਜਿਨ੍ਹਾਂ ਪਰੀਖਿਆਰਥੀਆਂ ਨੇ ਗਿਆਰਵੀਂ ਸ਼੍ਰੇਣੀ ਰੈਗੂਲਰ ਤੌਰ ਤੇ ਸਰਕਾਰੀ/ਏਡਿਡ/ਐਫੀਲੀਏਟਿਡ/ਐਸੋਸੀਏਟਿਡ ਸਕੂਲਾਂ ਤੋਂ ਪਾਸ ਕੀਤੀ ਹੋਵੇ, ਉਹ ਪਰੀਖਿਆਰਥੀ ਬਾਰ੍ਹਵੀਂ ਸ਼੍ਰੇਣੀ ਵਿੱਚ ਰੈਗੂਲਰ ਦਾਖਲੇ ਦੇ ਯੋਗ ਹੋਣਗੇ।

8. ਪੁਰਾਣੇ ਸਿਸਟਮ ਅਧੀਨ ਪਾਸ ਕੀਤੀ ਹਾਇਰ ਸੈਕੰਡਰੀ (XI) ਹੁਣ ਦੇ ਸਿਸਟਮ ਦੀ ਗਿਆਰ੍ਹਵੀਂ ਸ਼੍ਰੇਣੀ ਦੇ ਬਰਾਬਰ ਹੈ, ਪ੍ਰੰਤੂ ਹਾਇਰ ਸੈਕੰਡਰੀ (XI) ਪਾਸ ਵਿਦਿਆਰਥੀਆਂ ਨੂੰ ਮੌਜੂਦਾ ਸਿੱਖਿਆ ਪ੍ਰਣਾਲੀ ਅਧੀਨ ਬਾਰ੍ਹਵੀਂ ਸ਼੍ਰੇਣੀ ਪਾਸ ਕਰਨ ਲਈ ਗਿਆਰ੍ਹਵੀਂ ਅਤੇ ਬਾਰ੍ਹਵੀਂ ਦੋਵੇਂ ਸ਼੍ਰੇਣੀਆਂ ਪਾਸ ਕਰਨੀਆਂ ਲਾਜ਼ਮੀ ਹੋਣਗੀਆਂ ਕਿਉਂਕਿ ਗਿਆਰ੍ਹਵੀਂ ਅਤੇ ਬਾਰ੍ਹਵੀਂ ਸ਼੍ਰੇਣੀ ਇੱਕ integrated ਕੋਰਸ ਹੈ, ਹਾਇਰ ਸੈਕੰਡਰੀ ਪਾਸ ਕਰਨ ਉਪਰੰਤ ਹੁਣ ਸਿੱਧਾ ਬਾਰ੍ਹਵੀਂ ਸ਼੍ਰੇਣੀ ਵਿੱਚ ਦਾਖਲਾ ਨਹੀਂ ਦਿੱਤਾ ਜਾਵੇਗਾ।

9. ਯੋਗਤਾ ਸਬੰਧੀ ਜ਼ਿੰਮੇਵਾਰੀ ਨਿਰੋਲ ਸਕੂਲ ਮੁੱਖੀ ਦੀ ਹੈ। ਇਸ ਲਈ ਸਮਾਨਤਾ ਸੂਚੀ ਨੂੰ ਮੁੱਖ ਰੱਖ ਕੇ ਹੀ ਵਿਦਿਆਰਥੀਆਂ ਦੇ ਦਾਖਲੇ ਪ੍ਰਵਾਨ ਕੀਤੇ ਜਾਣ। ਇਸ ਮਕਸਦ ਲਈ ਆਪਣੀ ਸੰਸਥਾ ਵਿੱਚ ਇੱਕ ਦਾਖਲਾ ਪੜਤਾਲ ਕਮੇਟੀ ਬਣਾਈ ਜਾਵੇ, ਜੋ ਪੂਰਵ ਘੋਖ ਕਰਕੇ ਯੋਗਤਾ ਚੈੱਕ ਕਰੇ, ਤਾਂ ਜੋ ਕੋਈ ਅਯੋਗ ਵਿਦਿਆਰਥੀ ਦਾਖਲ ਨਾ ਹੋ ਸਕੇ।

10. **ਗਰੁੱਪ ਬਦਲਣ ਸਬੰਧੀ ਨਿਯਮ :-**

(ੳ) XIਵੀਂ ਸ਼੍ਰੇਣੀ ਦੀ ਪ੍ਰੀਖਿਆ ਪਾਸ ਕਰਨ ਪਿੱਛੋਂ ਉਮੀਦਵਾਰ ਉਸ ਹੀ ਗਰੁੱਪ ਦੇ ਅੰਦਰ ਵਿਸ਼ੇ ਬਦਲ ਸਕੇਗਾ।

(ਅ) XIਵੀਂ ਸ਼੍ਰੇਣੀ ਦੀ ਪ੍ਰੀਖਿਆ ਪਾਸ ਕਰਨ ਪਿੱਛੋਂ ਉਮੀਦਵਾਰ ਵਿਗਿਆਨ (science)/ ਜ਼ਰਾਇਤ (Agriculture)/ ਤਕਨੀਕੀ (Technical)/ ਵਣਜਕ (Commerece)/ ਕਿੱਤਾ ਧਾਰਾ (Vocational Stream) ਵਿੱਚ ਸਭ ਗਰੁੱਪਾਂ ਤੋਂ ਬਦਲ ਕੇ ਮਾਨਵੀ ਵਿਸ਼ਾ (Humanities) ਗਰੁੱਪ ਲੈ ਸਕੇਗਾ।

(ੲ) XIਵੀਂ ਸ਼੍ਰੇਣੀ ਦੀ ਪ੍ਰੀਖਿਆ ਪਾਸ ਕਰਨ ਪਿੱਛੋਂ ਉਮੀਦਵਾਰ ਕੇਵਲ ਸੁਸੰਗਤ ਗਰੁੱਪਾਂ ਵਿੱਚ ਅਕਾਦਮਿਕ ਧਾਰਾ (Academic Stream) ਤੋਂ ਬਦਲ ਕੇ ਕਿੱਤਾ ਧਾਰਾ (Vocational Stream) ਲੈ ਸਕੇਗਾ ਭਾਵ :

- ਮਾਨਵੀ ਵਿਸ਼ਿਆਂ (Humanities) ਵਿੱਚ ਗ੍ਰਹਿ-ਵਿਗਿਆਨ (Home Science) ਵਿਸ਼ੇ ਤੋਂ ਕਿੱਤਾ ਧਾਰਾ (Vocational Stream) ਵਿੱਚ ਗ੍ਰਹਿ-ਵਿਗਿਆਨ ਗਰੁੱਪ (Home Science)
- ਜ਼ਰਾਇਤ ਗਰੁੱਪ (Agriculture Group) ਤੋਂ ਕਿੱਤਾ ਧਾਰਾ (Vocational Stream) ਵਿੱਚ ਜ਼ਰਾਇਤ ਗਰੁੱਪ (Agriculture Group)
- ਵਣਜ ਗਰੁੱਪ (Commerce Group) ਤੋਂ ਕਿੱਤਾ ਧਾਰਾ (Vocational Stream) ਵਿੱਚ ਵਣਜ ਗਰੁੱਪ (Commerce Group)
- ਵਿਗਿਆਨ ਗਰੁੱਪ (Science Group) ਤੋਂ ਕਿੱਤਾ ਧਾਰਾ (Vocational Stream) ਵਿੱਚ ਇੰਜੀਨੀਅਰਿੰਗ ਗਰੁੱਪ।

(ਸ) ਬਾਰ੍ਹਵੀਂ ਸ਼੍ਰੇਣੀ ਲਈ ਬੋਰਡ ਨੂੰ ਆਨ-ਲਾਈਨ ਭੇਜੇ ਜਾਣ ਵਾਲੇ ਡਾਟੇ ਦੀ ਆਖ਼ਰੀ ਮਿਤੀ (Final Submission) ਤੱਕ ਹੀ ਵਿਸ਼ਾ/ਗਰੁੱਪ ਦੀ ਬਦਲੀ ਉਪਰੋਕਤ ਨੁਕਤਾ ਨੰ: 2 ਅਤੇ 3 ਦੀ ਲੋਅ ਵਿੱਚ ਸਕੂਲ ਪੱਧਰ ਤੇ ਕੀਤੀ ਜਾ ਸਕਦੀ ਹੈ। ਇਸ ਉਪਰੰਤ ਕਿਸੇ ਵੀ ਸੂਰਤ ਵਿੱਚ ਵਿਸ਼ਾ/ਗਰੁੱਪ ਦੀ ਬਦਲੀ ਨਹੀਂ ਕੀਤੀ ਜਾ ਸਕੇਗੀ।

**ਭਾਗ-ੲ**

**ਹੋਰ ਰਾਜ/ਬੋਰਡ ਤੋਂ ਮਾਈਗਰੇਟ ਹੋ ਕੇ ਆਏ ਵਿਦਿਆਰਥੀਆਂ ਦੇ ਦਾਖਲੇ ਸੰਬੰਧੀ ਹੇਠਾਂ ਦਰਸਾਏ ਦਸਤਾਵੇਜ਼ ਪੇਸ਼ ਕਰਨ ਤੇ ਹੀ ਵਿਦਿਆਰਥੀ ਸਬੰਧਤ ਸ਼੍ਰੇਣੀ ਵਿੱਚ ਦਾਖਲ ਹੋ ਸਕਦੇ ਹਨ: -**

1\. (ੳ) ਜਿਸ ਸ਼੍ਰੇਣੀ ਵਿੱਚ ਦਾਖਲ ਹੋਣਾ ਹੈ, ਉਸ ਤੋਂ ਪਹਿਲਾਂ ਸ਼੍ਰੇਣੀ ਪਾਸ ਕਰਨ ਦਾ ਸਰਟੀਫਿਕੇਟ/ ਨਤੀਜਾ ਕਾਰਡ (ਡੀ. ਐਮ. ਸੀ) ਦੀ ਫੋਟੋ ਕਾਪ ਸਬੰਧਤ ਸਕੂਲ ਮੁੱਖੀ ਤੋਂ ਤਸਦੀਕ ਕਰਵਾਕੇ ਭੇਜੀ ਜਾਵੇ।

(ਅ) ਵਿੱਦਿਅਕ ਸੈਸ਼ਨ ਦਰਮਿਆਨ ਜਾਂ ਹੇਠਲੀ ਪਰੀਖਿਆ ਪਾਸ ਕਰਨ ਉਪਰੰਤ ਲੋੜੀਂਦੀ ਮਾਈਗਰੇਸ਼ਨ ਲਈ ਸਕੂਲ ਛੱਡਣ ਦਾ ਸਰਟੀਫਿਕੇਟ ਸਬੰਧਤ ਬੋਰਡ ਦੇ ਸਮਰੱਥ ਅਧਿਕਾਰੀ ਜਾਂ ਜਿਲ੍ਹਾ ਸਿੱਖਿਆ ਅਫਸਰ ਦੁਆਰਾ ਪ੍ਰਤੀ ਹਸਤਾਖਰ ਕੀਤਾ ਹੋਣਾ ਚਾਹੀਦਾ ਹੈ।

(ੲ) ਦਸਵੀਂ ਸ਼੍ਰੇਣੀ ਦੀ ਪਰੀਖਿਆ ਪਾਸ ਹੋਣ ਤੇ ਹੀ ਗਿਆਰਵੀਂ ਸ਼੍ਰੇਣੀ ਦਾ ਰਜਿ ਨੰ. ਅਲਾਟ ਕੀਤਾ ਜਾਵੇਗਾ।

(ਸ) ਪੰਜਾਬ ਸਕੂਲ ਸਿੱਖਿਆ ਬੋਰਡ ਦੇ ਬਰਾਬਰ ਦੀ ਯੋਗਤਾ ਦਾ ਸਮਾਨਤਾ ਪੱਤਰ, ਜੋ ਕਿ ਪੰਜਾਬ ਸਕੂਲ ਸਿੱਖਿਆ ਬੋਰਡ ਦੀ ਅਕਾਦਮਿਕ ਸ਼ਾਖਾ ਵੱਲੋਂ ਅਸਲ ਸਰਟੀਫਿਕੇਟਾਂ ਦੇ ਆਧਾਰ ਤੇ ਹੇਠ ਅਨੁਸਾਰ ਜਾਰੀ ਕੀਤਾ ਜਾਵੇਗਾ।

- ਮਾਰਚ-2017 ਦੀਆਂ ਸਾਲਾਨਾ ਪ੍ਰੀਖਿਆਵਾਂ ਤੋਂ ਬਾਅਦ ਵਿੱਚ ਹੋਣ ਵਾਲੀਆਂ ਸਮੂਹ ਪ੍ਰੀਖਿਆਵਾਂ ਲਈ ਕੇਵਲ ਵਾਧੂ ਵਿਸ਼ੇ ਦੀ ਪ੍ਰੀਖਿਆ ਦੇਣ ਵਾਲੇ ਵਿਦਿਆਰਥੀਆਂ ਨੂੰ ਹੀ ਅਕਾਦਮਿਕ ਸ਼ਾਖਾ ਵੱਲੋਂ ਇਕੱਲੇ-ਇਕੱਲੇ ਡੀਲ ਕਰਕੇ ਸਮਾਨਤਾ ਪੱਤਰ ਜਾਰੀ ਕੀਤੇ ਜਾਇਆ ਕਰਨਗੇ।

- ਰੈਗੂਲਰ ਵਿਦਿਆਰਥੀਆਂ ਨੂੰ ਇਕੱਲੇ ਰੂਪ ਵਿੱਚ ਡੀਲ ਨਹੀਂ ਕੀਤਾ ਜਾਵੇਗਾ। ਸਕੂਲ ਮੁਖੀਆਂ ਵੱਲੋਂ ਬਾਹਰਲੇ ਰਾਜਾਂ ਦੇ ਬੋਰਡਾਂ ਤੋਂ ਆਏ ਵਿਦਿਆਰਥੀਆਂ ਨੂੰ ਬਿਨਾਂ ਸਮਾਨਤਾ ਪੱਤਰ ਪੇਸ਼ ਕਰਨ ਤੋਂ ਕੇਵਲ ਲੋੜੀਂਦੇ ਦਸਤਾਵੇਜ਼ (ਬੋਰਡ ਜਮਾਤ ਲਈ ਪਾਸ ਸਰਟੀਫਿਕੇਟ/ਮਾਈਗਰੇਸ਼ਨ ਸਰਟੀਫਿਕੇਟ ਅਤੇ ਸਕੂਲੀ ਜਮਾਤਾਂ ਲਈ ਡੀ. ਐੱਮ. ਸੀ./ਟਰਾਂਸਫਰ ਸਰਟੀਫਿਕੇਟ ਜੋ ਕਿ ਜਿਲ੍ਹਾ ਸਿੱਖਿਆ ਅਧਿਕਾਰੀ/ਸਬੰਧਤ ਬੋਰਡ ਵਲੋਂ ਕਾਉਂਟਰਸਾਈਨ ਕੀਤਾ ਹੋਵੇ) ਪ੍ਰਾਪਤ ਕਰਨ ਉਪਰੰਤ ਆਰਜ਼ੀ ਦਾਖ਼ਲਾ ਦੇ ਦਿੱਤਾ ਜਾਵੇਗਾ। ਦਾਖ਼ਲਾ ਕੇਵਲ ਉਨ੍ਹਾਂ ਬੋਰਡਾਂ ਦੇ ਵਿਦਿਆਰਥੀਆਂ ਨੂੰ ਦਿੱਤਾ ਜਾਵੇਗਾ ਜਿਨ੍ਹਾਂ ਦਾ ਨਾਂ ਬੋਰਡ ਦੀ ਵੈਬਸਾਈਟ ਤੇ ਉਪਲੱਬਧ ਸਮਾਨਤਾ ਸੂਚੀ ਵਿੱਚ ਦਰਜ ਹੈ। ਸਕੂਲ ਮੁਖੀ ਦਾਖ਼ਲੇ ਦੀ ਅੰਤਿਮ ਮਿਤੀ ਤੋਂ ਬਾਅਦ 20 ਦਿਨਾਂ ਦੇ ਅੰਦਰ-ਅੰਦਰ ਅਜਿਹੇ ਸਾਰੇ ਵਿਦਿਆਰਥੀ ਜਿਨ੍ਹਾਂ ਨੂੰ ਸਮਾਨਤਾ ਪੱਤਰ ਲੋੜੀਂਦੇ ਹੋਣਗੇ, ਦਾ ਇੱਕ ਹੀ ਕੇਸ ਬਣਾ ਕੇ ਅਤੇ ਸਾਰੇ ਵਿਦਿਆਰਥੀਆਂ ਦੀ ਸਮਾਨਤਾ ਦੀ ਬਣਦੀ ਫ਼ੀਸ ਇੱਕ ਹੀ ਰਸੀਦ ਰਾਹੀਂ ਜਮ੍ਹਾਂ ਕਰਵਾ ਕੇ ਲੋੜੀਂਦੀ ਕਾਰਵਾਈ ਕਰਨ ਉਪਰੰਤ ਸਬੰਧਤ ਸਕੂਲ ਨੂੰ ਅਜਿਹੇ ਸਾਰੇ ਵਿਦਿਆਰਥੀਆਂ ਲਈ ਇੱਕ ਹੀ ਸਮਾਨਤਾ ਪੱਤਰ ਜਾਰੀ ਕੀਤਾ ਜਾਵੇਗਾ। ਸਮਾਨਤਾ ਪੱਤਰ ਜਾਰੀ ਹੋਣ ਉਪਰੰਤ ਹੀ ਅਜਿਹੇ ਵਿਦਿਆਰਥੀਆਂ ਦਾ ਦਾਖ਼ਲਾ ਰੈਗੂਲਰ ਮੰਨਿਆ ਜਾਵੇਗਾ।

- ਜਿਨ੍ਹਾਂ ਵਿਦਿਆਰਥੀਆਂ ਨੂੰ ਸਮਾਨਤਾ ਪੱਤਰ ਜਾਰੀ ਨਹੀਂ ਹੋਵੇਗਾ ਉਨ੍ਹਾਂ ਦਾ ਦਾਖ਼ਲਾ ਰੱਦ ਸਮਝਿਆ ਜਾਵੇ।

2\. ਪੰਜਾਬ ਸਕੂਲ ਸਿੱਖਿਆ ਬੋਰਡ ਵੱਲੋਂ ਜਾਰੀ ਦਾਖਲਾ ਸ਼ਡਿਊਲ ਦੀਆਂ ਮਿਤੀਆਂ ਖਤਮ ਹੋਣ ਉਪਰੰਤ ਦੂਜੇ ਰਾਜ/ਬੋਰਡ ਤੋਂ ਪੜ੍ਹਦੇ ਆ ਰਹੇ ਵਿਦਿਆਰਥੀ ਨੂੰ ਕਿਸੇ ਵੀ ਸੂਰਤ ਵਿੱਚ ਗਿਆਰ੍ਹਵੀਂ/ਬਾਰ੍ਹਵੀਂ ਸ਼੍ਰੇਣੀ ਦੇ ਦਾਖਲੇ ਸਬੰਧੀ ਨਿਰਧਾਰਿਤ ਇੰਟਰ ਬੋਰਡ ਮਾਈਗਰੇਸ਼ਨ ਫਾਰਮ ਤੇ ਰਜਿਸਟਰੇਸ਼ਨ ਸ਼ਾਖਾ ਵੱਲੋਂ ਪੂਰਵ ਪ੍ਰਵਾਨਗੀ ਲਏ ਬਿਨਾਂ ਦਾਖਲ ਨਾ ਕੀਤਾ ਜਾਵੇ। ਮਾਈਗਰੇਸ਼ਨ ਹੋਣ ਉਪਰੰਤ ਵਿਦਿਆਰਥੀ ਨੂੰ 15 ਦਿਨ ਦੇ ਅੰਦਰ-ਅੰਦਰ ਸਕੂਲ ਵਿੱਚ ਦਾਖਲਾ ਲੈ ਲੈਣਾ ਚਾਹੀਦਾ ਹੈ। ਦਾਖਲਾ ਨਾ ਲੈਣ ਦੀ ਸੂਰਤ ਵਿੱਚ ਪ੍ਰਵਾਨਗੀ ਰੱਦ ਹੋਈ ਸਮਝੀ ਜਾਵੇਗੀ। ਰੱਦ ਹੋਈ ਪ੍ਰਵਾਨਗੀ ਵਾਲੇ ਵਿਦਿਆਰਥੀ ਨੂੰ ਵਿਸ਼ੇਸ਼ ਹਲਾਤਾਂ ਵਿੱਚ ਦੁਬਾਰਾ ਪ੍ਰਵਾਨਗੀ ਮੁੜ ਫੀਸ ਜਮਾਂ ਕਰਵਾਉਣ ਤੇ ਹੀ ਦਿੱਤੀ ਜਾਵੇਗੀ।

**ਭਾਗ -ਸ**

1\. (ੳ) ਸੈਸ਼ਨ ਦੌਰਾਨ ਗਿਆਰ੍ਹਵੀਂ/ਬਾਰ੍ਹਵੀਂ ਸ਼੍ਰੇਣੀ ਵਿੱਚ ਕੋਈ ਵਿਦਿਆਰਥੀ ਸਕੂਲ ਮਾਈਗਰੇਟ ਕਰਨ ਦਾ ਚਾਹਵਾਨ ਹੋਵੇ ਤਾਂ, ਦੋਵੇਂ ਸਕੂਲ ਮੁੱਖੀਆਂ ਦੀ ਸਿਫਾਰਸ਼ਾਂ ਸਹਿਤ ਉਹ ਮਾਈਗਰੇਸ਼ਨ ਸਰਟੀਫਿਕੇਟ ਪ੍ਰਾਪਤ ਕਰੇਗਾ, ਜੇਕਰ ਉਸਦੇ ਸਕੂਲ ਲੀਵਿੰਗ ਸਰਟੀਫਿਕੇਟ ਤੇ ਰਜਿਸਟਰੇਸ਼ਨ ਨੰਬਰ ਦਰਜ ਹੈ, ਤਾਂ ਉਹ ਆਰੰਭਕ ਸਟੇਜ ਤੇ (ਦਾਖਲਾ ਸ਼ਡਿਊਲ ਦੀਆਂ ਮਿਤੀਆਂ ਤੱਕ) ਕਿਸੇ ਵੀ ਸਕੂਲ ਵਿੱਚ ਦਾਖਲੇ ਲਈ ਯੋਗ ਹੈ।

**2. (ੳ) ਸਕੂਲ ਤੋਂ ਸਕੂਲ ਮਾਈਗਰੇਸ਼ਨ : -**

ਗਿਆਰਵੀਂ ਸ਼੍ਰੇਣੀ ਦੀ ਸਕੂਲ ਤੋਂ ਸਕੂਲ ਮਾਈਗਰੇਸ਼ਨ 31 ਦਸੰਬਰ ਤੱਕ 1000/- ਰੁ: ਫੀਸ ਨਾਲ ਕੀਤੀ ਜਾਵੇਗੀ। ਇਸ ਤੋਂ ਬਾਅਦ 1500/- ਰੁ: ਫੀਸ ਨਾਲ ਵਿਰਲੇ ਕੇਸਾਂ ਵਿੱਚ ਜਿਵੇਂ ਮਾਤਾ/ਪਿਤਾ/ਗਾਰਡੀਅਨ ਦੀ ਬਦਲੀ/ਅਚਾਨਕ ਮੌਤ ਹੋਣ ਦੀ ਸੂਰਤ ਵਿੱਚ ਮਾਈਗਰੇਸ਼ਨ ਮਾਨਯੋਗ ਚੇਅਰਪਰਸਨ/ਚੇਅਰਮੈਨ ਜੀ ਵੱਲੋਂ ਆਗਿਆ ਦੇਣ ਉਪਰੰਤ ਹੀ ਕੀਤੀ ਜਾਵੇਗੀ। ਬਾਰਵੀਂ ਸ਼੍ਰੇਣੀ ਦੀ ਸਕੂਲ ਤੋਂ

ਸਕੂਲ ਮਾਈਗਰੇਸ਼ਨ ਪੰਜਾਬ ਸਕੂਲ ਸਿੱਖਿਆ ਬੋਰਡ ਦੇ ਦਫਤਰ ਵਿੱਚ ਪ੍ਰੀਖਿਆ ਫਾਰਮ ਪਹੁੰਚਣ ਦੀ ਅੰਤਿਮ ਮਿਤੀ ਤੱਕ 1000/- ਰੁ. ਫੀਸ ਨਾਲ ਕੀਤੀ ਜਾਵੇਗੀ। ਇਸ ਤੋਂ ਬਾਅਦ 1500/-ਰੁ: ਨਾਲ ਵਿਰਲੇ ਕੇਸਾਂ ਵਿੱਚ ਜਿਵੇਂ ਮਾਤਾ/ਪਿਤਾ/ਗਾਰਡੀਅਨ ਦੀ ਬਦਲੀ/ਅਚਾਨਕ ਮੌਤ ਹੋਣ ਦੀ ਸੂਰਤ ਵਿੱਚ ਮਾਈਗਰੇਸ਼ਨ ਮਾਨਯੋਗ ਚੇਅਰਪਰਸਨ/ਚੇਅਰਮੈਨ ਜੀ ਵੱਲੋਂ ਆਗਿਆ ਦੇਣ ਉਪਰੰਤ ਹੀ ਕੀਤੀ ਜਾਵੇਗੀ। ਇਹ ਮਾਈਗਰੇਸ਼ਨ ਪੰਜਾਬ ਸਕੂਲ ਸਿੱਖਿਆ ਬੋਰਡ ਦੀਆਂ ਸਲਾਨਾ ਪ੍ਰੀਖਿਆਵਾਂ ਸ਼ੁਰੂ ਹੋਣ ਤੋਂ 45 ਦਿਨ ਪਹਿਲਾਂ ਤੱਕ ਕੀਤੀ ਜਾਵੇਗੀ। ਅਜਿਹਾ ਕਰਨ ਲਈ ਵਿਦਿਆਰਥੀ ਸਕੂਲ ਤੋਂ ਸਕੂਲ ਮਾਈਗਰੇਸ਼ਨ ਫਾਰਮ ਦੋਵੇਂ ਸਕੂਲ ਮੁੱਖੀਆਂ ਤੋਂ ਤਸਦੀਕ ਕਰਵਾਉਣਗੇ।

ਦੋਵੇਂ ਸਕੂਲ ਮੁੱਖੀ ਇਸ ਗੱਲ ਦਾ ਖਾਸ ਧਿਆਨ ਰੱਖਣ ਕਿ ਜਦ ਤੱਕ ਵਿਦਿਆਰਥੀ ਨੂੰ ਪੰਜਾਬ ਬੋਰਡ ਵਲੋਂ ਮਾਈਗਰੇਸ਼ਨ ਸਰਟੀਫਿਕੇਟ ਜਾਰੀ ਨਹੀਂ ਕੀਤਾ ਜਾਂਦਾ, ਤਦ ਤੱਕ ਟਰਾਂਸਫਰ ਸਰਟੀਫਿਕੇਟ ਨਾ ਜਾਰੀ ਕੀਤਾ ਜਾਵੇ ਅਤੇ ਨਾ ਹੀ ਬਦਲੇ ਹੋਏ ਸਕੂਲ ਵਿੱਚ ਦਾਖਲ ਕੀਤਾ ਜਾਵੇ।

(ਅ) **ਇੰਟਰਬੋਰਡ ਮਾਈਗਰੇਸ਼ਨ : –**

ਬੋਰਡ ਵੱਲੋਂ ਜ਼ਾਰੀ ਦਾਖਲਾ ਸ਼ਡਿਊਲ ਦੀਆਂ ਮਿਤੀਆਂ ਖਤਮ ਹੋਣ ਉਪਰੰਤ ਦੂਜੇ ਰਾਜ/ਬੋਰਡ ਤੋਂ ਪੜ੍ਹਦੇ ਆ ਰਹੇ ਵਿਦਿਆਰਥੀ ਕਿਸੇ ਵੀ ਸੂਰਤ ਵਿੱਚ ਗਿਆਰਵੀਂ/ਬਾਰਵੀਂ ਸ਼੍ਰੇਣੀ ਵਿੱਚ ਬੋਰਡ ਤੋਂ ਲੇਟ ਦਾਖਲਾ/ਇੰਟਰਬੋਰਡ ਮਾਈਗਰੇਸ਼ਨ ਫਾਰਮ ਤੇ ਰਜਿਸਟਰੇਸ਼ਨ ਸ਼ਾਖਾ ਵੱਲੋਂ ਪੂਰਵ ਪ੍ਰਵਾਨਗੀ ਲਏ ਬਿਨਾਂ ਦਾਖਲ ਨਾ ਕੀਤੇ ਜਾਣ। ਗਿਆਰਵੀਂ ਸ਼੍ਰੇਣੀ ਦੀ ਇੰਟਰਬੋਰਡ ਮਾਈਗਰੇਸ਼ਨ 31 ਦਸੰਬਰ ਤੱਕ 1000/- ਰੁ: ਪ੍ਰਤੀ ਵਿਦਿਆਰਥੀ ਫੀਸ ਹੋਵੇਗੀ। ਇਸ ਤੋਂ ਬਾਅਦ ਵਿਰਲੇ ਕੇਸਾਂ ਵਿੱਚ ਚੇਅਰਪਰਸਨ/ ਚੇਅਰਮੈਨ ਜੀ ਵੱਲੋਂ ਆਗਿਆ ਮਿਲਣ ਉਪਰੰਤ ਹੀ ਕੀਤੀ ਜਾਵੇਗੀ। ਇਸ ਤੋਂ ਬਾਅਦ ਵਿਰਲੇ ਕੇਸਾਂ ਵਿੱਚ ਚੇਅਰਪਰਸਨ/ ਚੇਅਰਮੈਨ ਜੀ ਵਲੋਂ ਆਗਿਆ ਮਿਲਣ ਉਪਰੰਤ ਹੀ ਕੀਤੀ ਜਾਵੇਗੀ (ਫੀਸ 1500/- ਰੁਪਏ ਪ੍ਰਤੀ ਵਿਦਿਆਰਥੀ)। ਮਾਈਗਰੇਸ਼ਨ ਹੋਣ ਉਪਰੰਤ ਵਿਦਿਆਰਥੀ ਨੂੰ 15 ਦਿਨ ਦੇ ਅੰਦਰ-ਅੰਦਰ ਸਕੂਲ ਵਿੱਚ ਦਾਖਲਾ ਲੈ ਲੈਣਾ ਚਾਹੀਦਾ ਹੈ। ਦਾਖਲਾ ਨਾ ਲੈਣ ਦੀ ਸੂਰਤ ਵਿੱਚ ਪ੍ਰਵਾਨਗੀ ਰੱਦ ਹੋਈ ਸਮਝੀ ਜਾਵੇਗੀ। ਰੱਦ ਹੋਈ ਪ੍ਰਵਾਨਗੀ ਵਾਲੇ ਵਿਦਿਆਰਥੀ ਨੂੰ ਵਿਸ਼ੇਸ਼ ਹਲਾਤਾਂ ਵਿੱਚ ਦੁਬਾਰਾ ਪ੍ਰਵਾਨਗੀ ਮੁੜ ਫੀਸ ਜਮਾਂ ਕਰਵਾਉਣ ਤੇ ਹੀ ਦਿੱਤੀ ਜਾਵੇਗੀ। ਇਹ ਮਾਈਗਰੇਸ਼ਨ ਪੰਜਾਬ ਸਕੂਲ ਸਿੱਖਿਆ ਬੋਰਡ ਦੀਆਂ ਸਲਾਨਾ ਪ੍ਰੀਖਿਆਵਾਂ ਸ਼ੁਰੂ ਹੋਣ ਤੋਂ 45 ਦਿਨ ਪਹਿਲਾਂ ਤੱਕ ਕੀਤੀ ਜਾਵੇਗੀ।

ਨੋਟ : **ਸਾਲ/ਸੈਸ਼ਨ 2017-18 ਦੀ ਰਜਿਸਟਰੇਸ਼ਨ/ਕੰਟੀਨਿਊਏਸ਼ਨ ਦੀ ਆਨ ਲਾਈਨ ਐਂਟਰੀ ਮਈ ਮਹੀਨੇ ਤੋਂ ਸ਼ੁਰੂ ਕੀਤੀ ਜਾ ਸਕਦੀ ਹੈ । ਦਾਖਲੇ ਸਬੰਧੀ ਯੋਗਤਾਵਾਂ ਅਤੇ ਸ਼ਰਤਾਂ ਸਬੰਧੀ ਪੱਤਰ ਬੋਰਡ ਦੀ ਵੈੱਬ ਸਾਈਟ www.pseb.ac.in/registrationsection/ academic section ਅਤੇ school login ਤੇ ਉਪਲੱਬਧ ਹਨ।**

ਡਾਇਰੈਕਟਰ (ਅਕਾਦਮਿਕ)
ਵਾਸਤੇ ਸਕੱਤਰ, ਪੰਜਾਬ ਸਕੂਲ ਸਿੱਖਿਆ ਬੋਰਡ